# ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਕਰਮਚਾਰੀ ਮੁਆਵਜ਼ਾ ਸਹਾਇਤਾ ਫੰਡ ਬੋਰਡ

ਕਰਮਚਾਰੀ ਮੁਆਵਜ਼ਾ ਸਹਾਇਤਾ ਫੰਡ ਬੋਰਡ (“ਬੋਰਡ” ) ਦੀ ਸਥਾਪਨਾ 1 ਜੁਲਾਈ 1991 ਨੂੰ ਕਰਮਚਾਰੀ ਮੁਆਵਜ਼ਾ ਸਹਾਇਤਾ ਆਰਡੀਨੈਂਸ (ਕੈਪ. 365) (“ECAO” ) ਅਧੀਨ ਕੀਤੀ ਗਈ ਸੀ। ਇਹ ECAO ਅਧੀਨ ਸਥਾਪਤ ਕੀਤੇ ਗਏ ਕਰਮਚਾਰੀ ਮੁਆਵਜ਼ਾ ਸਹਾਇਤਾ ਫੰਡ (“ਫੰਡ” ) ਦਾ ਪ੍ਰਬੰਧਨ ਕਰਦਾ ਹੈ ਅਤੇ ਕਰਮਚਾਰੀਆਂ ਦੇ ਹੱਕਾਂ ਦੀ ਰਾਖੀ ਅਤੇ ਮੁਆਵਜ਼ੇ ਦੇ ਯੋਗ ਵਿਅਕਤੀਆਂ ਲਈ ਅਤੇ ਕੰਮ ਤੇ ਲੱਗੀਆਂ ਸੱਟਾਂ ਲਈ ਰਾਹਤ ਅਦਾਇਗੀਆਂ ਲਈ ਕਰਮਚਾਰੀ ਮੁਆਵਜ਼ਾ ਸਹਾਇਤਾ ਯੋਜਨਾ ਲਾਗੂ ਕਰਦਾ ਹੈ।

| | |
|---|---|
| ਸਬੰਧਤ ਸੇਵਾਵਾਂ | • ਜ਼ਖਮੀ ਕਰਮਚਾਰੀ ਜਾਂ ਮ੍ਰਿਤਕ ਕਰਮਚਾਰੀਆਂ ਦੇ ਯੋਗ ਪਰਿਵਾਰਕ ਮੈਂਬਰ ਜੋ ਕਰਮਚਾਰੀਆਂ ਦਾ ਮੁਆਵਜ਼ਾ ਜਾਂ ਆਮ ਕਾਨੂੰਨੀ ਮੁਆਵਜ਼ਾ ਪ੍ਰਾਪਤ ਨਹੀਂ ਕਰ ਪਾਉਂਦੇ ਜਿਸਦੇ ਲਈ ਮਾਲਕ ਦੁਆਰਾ ਵਸੂਲੀ ਦੇ ਸਾਰੇ ਕਾਨੂੰਨੀ ਅਤੇ ਵਿੱਤੀ ਤੌਰ 'ਤੇ ਵਿਵਹਾਰਕ ਸਾਧਨਾਂ ਨੂੰ ਖਤਮ ਕਰਨ ਤੋਂ ਬਾਅਦ ਮਾਲਕ (ਜਾਂ ਬੀਮਾ ਕਰਨ ਵਾਲਾ) ਜਿੰਮੇਵਾਰ ਹੈ, ਸਬੰਧਤ ਫੰਡ ਤੋਂ ਸਹਾਇਤਾ ਲਈ ਅਰਜ਼ੀ ਦੇਣ ਦੇ ਯੋਗ ਹਨ। |
| ਮੌਜੂਦਾ ਉਪਾਅ | • ਬੋਰਡ ਚੀਨੀ ਅਤੇ ਅੰਗਰੇਜ਼ੀ ਵਿਚ ਸੇਵਾਵਾਂ ਪ੍ਰਦਾਨ ਕਰਦਾ ਹੈ।<br>• ਜਿੱਥੇ ਜਰੂਰੀ ਅਤੇ ਉਚਿਤ ਹੋਵੇਗਾ ਘੱਟ ਗਿਣਤੀਆਂ ਦੀ ਏਕਤਾ ਅਤੇ ਸੁਧਾਰ ਲਈ ਕੇਂਦਰ ਦੁਆਰਾ ਵਿਆਖਿਆ ਸੇਵਾ ਦਾ ਪ੍ਰਬੰਧ ਕੀਤਾ ਜਾਵੇਗਾ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਬੋਰਡ ਵੱਖ ਵੱਖ ਨਸਲਾਂ ਦੇ ਲੋਕਾਂ ਦੁਆਰਾ ਉਨ੍ਹਾਂ ਦੀਆਂ ਸੇਵਾਵਾਂ ਲਈ ਜਰੂਰਤਾਂ ਦਾ ਮੁਲਾਂਕਣ ਕਰਨ ਲਈ, ਸੇਵਾਵਾਂ ਦੀ ਵਰਤੋਂ ਬਾਰੇ ਡੇਟਾ ਅਤੇ ਅੰਕੜੇ (ਗੈਰ-ਨਿੱਜੀ ਡੇਟਾ) ਇਕੱਤਰ ਕਰੇਗਾ। |

| | |
|---|---|
| ਕੀਤੇ ਗਏ / ਕੀਤੇ ਜਾਣ ਵਾਲੇ ਹੋਰ ਉਪਾਅ | • ਵੱਖ ਵੱਖ ਨਸਲਾਂ (ਇੰਡੋਨੇਸ਼ੀਅਨ, ਨੇਪਾਲੀ, ਉਰਦੂ, ਪੰਜਾਬੀ, ਤਗਾਲੋਗ, ਥਾਈ, ਹਿੰਦੀ ਅਤੇ ਵੀਅਤਨਾਮੀ) ਦੀਆਂ ਅੱਠ ਭਾਸ਼ਾਵਾਂ ਵਿੱਚ “ਕਰਮਚਾਰੀ ਮੁਆਵਜ਼ਾ ਸਹਾਇਤਾ ਆਰਡੀਨੈਂਸ ਅਧੀਨ ਸਹਾਇਤਾ ਲਈ ਅਰਜ਼ੀ ਬਾਰੇ ਜਾਣਕਾਰੀ” ਅਤੇ “ਕਰਮਚਾਰੀ ਮੁਆਵਜ਼ਾ ਸਹਾਇਤਾ ਆਰਡੀਨੈਂਸ ਬਾਰੇ ਅਕਸਰ ਪੁੱਛੇ ਜਾਂਦੇ ਪ੍ਰਸ਼ਨ” ਦੇ ਪਰਚੇ ਦਫ਼ਤਰ ਵਿਖੇ ਵੰਡੀਆਂ ਜਾਂਦੀਆਂ ਪ੍ਰਿੰਟਿਡ ਕਾੱਪੀਆਂ ਨਾਲ ਔਨਲਾਈਨ ਪ੍ਰਦਾਨ ਕੀਤੇ ਜਾਣਗੇ।<br><br>• ਨਿਰੰਤਰ ਸੁਧਾਰ ਲਈ ਉਪਾਵਾਂ ਦੀ ਨਿਯਮਤ ਤੌਰ ਤੇ ਸਮੀਖਿਆ ਕੀਤੀ ਜਾਂਦੀ ਹੈ। |

ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨ ਦੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛ-ਗਿੱਛ ਲਈ, ਕਿਰਪਾ ਕਰਕੇ ਬੋਰਡ ਦੇ ਪ੍ਰਸ਼ਾਸਨ ਅਤੇ ਵਿੱਤ ਅਧਿਕਾਰੀ ਨਾਲ ਸੰਪਰਕ ਕਰੋ।


| | | |
|---|---|---|
| ਟੈਲੀਫੋਨ ਨੰ. | : | 2116 5684 |
| ਫੈਕਸ ਨੰ. | : | 2109 0310 |
| ਈਮੇਲ | : | contact@ecafb.org.hk |
| ਡਾਕ ਲਈ ਪਤਾ | : | 33/F, Morrison Plaza, 9 Morrison Hill Road, Wanchai, Hong Kong |


**ਕਰਮਚਾਰੀ ਮੁਆਵਜ਼ਾ ਸਹਾਇਤਾ ਫੰਡ ਬੋਰਡ**

**ਮਈ 2025**